ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 7 ਮਈ, 2000

# ਪਾਕਿਸਤਾਨੀ ਔਰਤਾਂ ਦੀ ਸਦਭਾਵਨਾ ਫੇਰੀ

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਮੇਰੀ ਬੜੇ ਚਿਰ ਤੋਂ ਇਹ ਧਾਰਨਾ ਹੈ ਕਿ ਦੇਸ਼ ਵਿਚ ਜੋ ਵਰਤਾਰਾ ਚੱਲ ਰਿਹਾ ਹੈ, ਉਹਦੇ ਵਿਚ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਦੀ ਦਖ਼ਲਅੰਦਾਜ਼ੀ ਜ਼ਰੂਰੀ ਹੈ। ਇਹ ਪੂਰੀ ਤਰ੍ਹਾਂ ਸਿਆਸਤਦਾਨਾਂ ਦੀ ਅਜਾਰੇਦਾਰੀ ਨਹੀਂ ਹੋਣੀ ਚਾਹੀਦੀ। ਸਿਆਸਤਦਾਨਾਂ ਦੀ ਵੋਟ ਸਿਆਸਤ ਕਰਕੇ ਜਾਂ ਪਾਰਟੀ ਡਿਸਪਲਨ ਕਰਕੇ ਮਜਬੂਰੀਆਂ ਹੁੰਦੀਆਂ ਹਨ ਕਿ ਉਹ ਜੋ ਗੱਲ ਸੋਚਦੇ ਹਨ, ਖੁੱਲ੍ਹਕੇ ਨਹੀਂ ਕਹਿ ਸਕਦੇ ਤੇ ਨਾ ਹੀ ਅਮਲ ਕਰ ਸਕਦੇ ਹਨ। ਪਿਛਲੇ ਇਕ ਹਫ਼ਤੇ ਵਿਚ ਮੇਰੀ ਨਜ਼ਰ ਵਿਚ ਜਿਹੜੀ ਸਾਰਿਆਂ ਨਾਲੋਂ ਅਹਿਮ ਘਟਨਾ ਹੈ, ਉਹ ਪਾਕਿਸਤਾਨ ਦੀਆਂ ਔਰਤਾਂ ਦੀ ਹਿੰਦੋਸਤਾਨ ਦੀ ਸਦਭਾਵਨਾ ਫੇਰੀ ਹੈ।

ਦੋਨੋਂ ਮੁਲਕਾਂ ਦੀ ਦੋਸਤੀ ਇਸ ਵੇਲੇ ਦੁਨੀਆ ਦੇ ਇਸ ਖਿੱਤੇ ਲਈ ਬੜਾ ਹੀ ਮਹੱਤਤਾ ਵਾਲਾ ਮੁੱਦਾ ਹੈ। ਪਾਕਿਸਤਾਨ ਤੇ ਹਿੰਦੋਸਤਾਨ ਦੇ ਆਪਸੀ ਵਿਰੋਧ ਵਾਲੇ ਮਸਲੇ ਜੇਕਰ ਹੱਲ ਹੋ ਜਾਣ ਤਾਂ ਦੋਨਾਂ ਮੁਲਕਾਂ ਦੇ ਲੋਕਾਂ ਲਈ ਇਸ ਤੋਂ ਵੱਡੀ ਮੁਬਾਰਕ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ? ਇਸ ਵਿਰੋਧਤਾ ਦਾ ਸਾਰਿਆਂ ਨਾਲੋਂ ਵੱਡਾ ਕਾਰਨ ਕਸ਼ਮੀਰ ਦਾ ਮਸਲਾ ਹੈ। ਪਿਛਲੇ 52 ਸਾਲਾਂ ਤੋਂ ਇਹ ਜਾਣਿਆ ਹੋਇਆ ਮਸਲਾ ਹੈ। ਬਾਕੀ ਦੁਨੀਆ ਦੇ ਮੁਲਕਾਂ ਦੀ ਇਹਦੇ ਬਾਰੇ ਰਾਏ ਵੀ ਹੈ। 'ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ' ਇਹ ਭਰਮ ਐਵੇਂ ਹਿੰਦੋਸਤਾਨੀਆਂ ਨੇ ਪਾਲਿਆ ਹੋਇਆ ਹੈ। ਇਸ ਵਿਚ ਮੀਡੀਆ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ, ਪਰ ਦੁਨੀਆ ਇਹ ਨਹੀਂ ਮੰਨਦੀ। ਦੁਨੀਆ ਜਾਣਦੀ ਹੈ ਕਿ ਇਹ ਵਾਦ-ਵਿਵਾਦ ਵਾਲਾ ਮੁੱਦਾ ਹੈ। ਇਹਦਾ ਹੱਲ ਹੋਣਾ ਜ਼ਰੂਰੀ ਹੈ। ਇਥੇ ਇਹ ਪ੍ਰਤੱਖ ਹੈ ਕਿ ਹਿੰਦੋਸਤਾਨ ਦਾ ਕਿਸੇ ਪੱਖੋਂ ਗ਼ਲਤ ਹੋਣਾ ਇਹ ਸਾਬਤ ਨਹੀਂ ਕਰਦਾ ਕਿ ਪਾਕਿਸਤਾਨ ਦਾ ਪੱਖ ਠੀਕ ਹੈ। ਪਾਕਿਸਤਾਨ ਦਾ ਪੱਖ ਸਗੋਂ ਬਹੁਤ ਹੀ ਗ਼ਲਤ ਹੈ। ਇਸ ਗ਼ਲਤੀ ਦਾ ਇਤਿਹਾਸ ਤਾਂ 1947 ਵਿਚ ਹੀ ਸ਼ੁਰੂ ਹੋ ਗਿਆ ਸੀ ਜਦੋਂ ਪਾਕਿਸਤਾਨ ਦੀ ਸ਼ਹਿ 'ਤੇ ਕਬਾਇਲੀਆਂ ਨੇ ਕਸ਼ਮੀਰ 'ਤੇ ਹਮਲਾ ਕੀਤਾ। ਆਪਣੀ ਹਾਬੜੀ ਹੋਈ ਹੱਵਸ ਦਾ ਕਸ਼ਮੀਰ ਦੀਆਂ ਔਰਤਾਂ ਨੂੰ ਸ਼ਿਕਾਰ ਬਣਾਇਆ। ਉਹਨਾਂ ਵੱਲੋਂ ਔਰਤਾਂ ਨਾਲ ਬੇਹੂਦਗੀ ਕਸ਼ਮੀਰ ਦੀ ਤਵਾਰੀਖ਼ ਦਾ ਸਾਰਿਆਂ ਨਾਲੋਂ ਕਾਲਾ ਕਾਂਡ ਹੈ। ਪਾਕਿਸਤਾਨ ਦਾ ਅਮਰੀਕਾ ਨਾਲ ਫੌਜੀ ਸਮਝੌਤਾ ਦੂਜੀ ਘਟਨਾ ਹੈ, ਜਿਸਨੇ ਕਸ਼ਮੀਰ ਦੇ ਲੋਕਾਂ ਦੀ 'ਰਾਇਸ਼ੁਮਾਰੀ' ਦੇ ਹੱਕ ਵਿਚ ਰੁਕਾਵਟ ਪਾਈ। ਖੈਰ ਜੋ ਵੀ ਇਤਿਹਾਸ ਹੈ, ਉਹ ਦੱਸਦਾ ਹੈ ਕਿ ਕਸ਼ਮੀਰ ਦੇ ਲੋਕਾਂ ਨੇ, ਭਾਵੇਂ ਉਹ ਮੁਸਲਮਾਨ ਸਨ, ਹਿੰਦੂ ਸਨ ਜਾਂ ਸਿੱਖ ਸਨ ਬੜਾ ਅਜ਼ਾਬ ਉਠਾਇਆ ਹੈ। ਬੜਾ ਸੰਤਾਪ ਭੋਗਿਆ ਹੈ ਅਤੇ ਭੋਗ ਰਹੇ ਹਨ। ਕਸ਼ਮੀਰ ਦਾ ਮਸਲਾ ਬੜੀ ਸ਼ਿੱਦਤ ਨਾਲ ਦੋਨੋਂ ਮੁਲਕਾਂ ਦੇ ਬੁੱਧੀਜੀਵੀਆਂ ਅਤੇ ਦਾਨਸ਼ਮੰਦਾਂ ਦੀ ਦਖ਼ਲਅੰਦਾਜ਼ੀ ਮੰਗਦਾ ਹੈ ਅਤੇ ਪਾਕਿਸਤਾਨ ਦੀਆਂ ਔਰਤਾਂ ਦੀ ਸਦਭਾਵਨਾ ਫੇਰੀ ਇਸੇ ਪ੍ਰੀਪੇਖ ਵਿਚ ਦੇਖੀ ਜਾਣੀ ਚਾਹੀਦੀ ਹੈ।

ਪਾਕਿਸਤਾਨ ਦੀਆਂ ਔਰਤਾਂ ਦੇ ਵਫ਼ਦ ਦੀ ਅਗਵਾਈ ਪਾਕਿਸਤਾਨ ਵਿਚ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਦੀ ਮੁੱਖੀ ਅਸਮਾ ਜਹਾਂਗੀਰ ਕਰ ਰਹੀ ਹੈ। ਦਿੱਲੀ ਵਿਚ ਇਸਨੇ ਇਕ ਗੋਲਮੇਜ਼ ਸੰਮੇਲਨ ਨੂੰ ਸੰਬੋਧਨ ਕਰਦਿਆਂ ਹੋਇਆਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਮਾਣੂ ਬੰਬ ਅਤੇ ਨਫ਼ਰਤ ਦੀ ਭਾਵਨਾ ਤਿਆਗ ਕੇ ਸ਼ਾਂਤੀ ਅਤੇ ਸਦਭਾਵਨਾ ਕਾਇਮ ਕਰਨ ਲਈ ਪਹਿਲ ਕਰਨ। ਉਹਨਾਂ ਕਿਹਾ ਕਿ ਜੇ ਭਾਰਤ ਸਰਕਾਰ ਇਜਾਜ਼ਤ ਦੇਵੇ ਤਾਂ ਉਹ ਪਾਕਿਸਤਾਨੀ ਔਰਤਾਂ ਦੇ ਚਾਲੀ ਮੈਂਬਰੀ ਵਫ਼ਦ ਨਾਲ ਜੰਮੂ ਕਸ਼ਮੀਰ ਜਾ ਕੇ ਉਥੋਂ ਦੀਆਂ ਔਰਤਾਂ ਨੂੰ ਸ਼ਾਂਤੀ ਅਤੇ ਪਿਆਰ ਦਾ ਪੈਗ਼ਾਮ ਦੇਣਾ ਚਾਹੁੰਣਗੀਆਂ। ਉਹਨਾਂ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਕਸ਼ਮੀਰ ਵਿਚ ਅਮਨ ਕਾਇਮ ਕਰਨ ਦੀਆਂ ਕੋਸ਼ਿਸ਼ਾਂ ਨਾ ਕਰਕੇ ਆਪੋ-ਆਪਣੇ ਸਵਾਰਥ ਨੂੰ ਸਿੱਧ ਕਰ ਰਹੀਆਂ ਹਨ। ਅਸਮਾ ਜਹਾਂਗੀਰ ਨੇ ਇਹ ਵੀ ਕਿਹਾ ਕਿ ਦੋਵੇਂ ਦੇਸ਼ਾਂ ਦੇ ਲੇਖਕਾਂ ਨੂੰ ਇਹ ਹਿੰਸਾ ਸਮਾਪਤ ਕਰਨ ਲਈ ਉਸਾਰੂ ਲੇਖਣੀਆਂ ਰਚਣੀਆਂ ਹੋਣਗੀਆਂ ਤਾਂ ਜੋ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਇਕ ਸਭਿਅਕ ਅਤੇ ਅਮਨ ਪਸੰਦ ਸਮਾਜ ਦੇ ਸਕੀਏ। ਉਹਨਾਂ ਕਿਹਾ ਕਿ ਪਿਛਲੇ 52 ਸਾਲਾਂ ਵਿਚ ਦੋਵੇਂ ਦੇਸ਼ਾਂ ਵਿਚਾਲੇ ਜੋ ਕੁਝ ਵੀ ਹੋਇਆ, ਉਸ ਤੋਂ ਹੁਣ ਜਨਤਾ ਅੱਕ ਚੁੱਕੀ ਹੈ। ਉਹ ਸਚਾਈ ਨੂੰ ਜਾਣਦੀ ਹੈ ਅਤੇ ਕੁਝ ਲੋਕਾਂ ਨੂੰ ਛੱਡਕੇ ਸਾਰੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਨ। ਇਸ ਮੌਕੇ 'ਤੇ ਪਾਕਿਸਤਾਨ ਦੀ ਮਸ਼ਹੂਰ ਕਹਾਣੀਕਾਰਾ ਜ਼ਾਹਿਦਾ ਹਿਨਾ ਅਤੇ ਹਿੰਦੋਸਤਾਨ ਦੀ ਕ੍ਰਿਸ਼ਨਾ ਸੋਬਤੀ ਨੇ ਵੀ ਇਹੋ ਵਿਚਾਰ ਪੇਸ਼ ਕੀਤੇ। ਔਰਤਾਂ ਦੀ ਹਾਂ-ਪੱਖੀ ਭੂਮਿਕਾ ਦੀ ਸੰਭਾਵਨਾ ਸਪੱਸ਼ਟ ਰੂਪ ਵਿਚ ਉਭਰਕੇ ਆਈ। ਔਰਤਾਂ ਦੀ ਇਸ ਭੂਮਿਕਾ ਦੀ ਇਕ ਮਿਸਾਲ ਵੀਅਤਨਾਮ ਦੀ ਜੰਗ ਵਿਚ ਅਮਰੀਕਾ ਦੀਆਂ ਮਾਵਾਂ ਦਾ ਅੰਦੋਲਨ ਹੈ। ਉਹਨਾਂ ਦੇ ਸ਼ਕਤੀਸ਼ਾਲੀ ਰੋਸ ਵਿਖਾਵਿਆਂ ਨੇ ਹੀ ਅਮਰੀਕੀ ਸਰਕਾਰ ਨੂੰ ਜੰਗਬੰਦੀ ਲਈ ਮਜਬੂਰ ਕੀਤਾ ਸੀ। ਹਿੰਦ-ਪਾਕ ਦੀ ਨਫ਼ਰਤ ਦੀ ਜੰਗਬੰਦੀ ਵਿਚ ਹਿੰਦੋਸਤਾਨ ਅਤੇ ਪਾਕਿਸਤਾਨ ਦੀਆਂ ਔਰਤਾਂ ਜ਼ਰੂਰੀ ਭੂਮਿਕਾ ਨਿਭਾ ਸਕਦੀਆਂ ਹਨ। ਇਹ ਨਫ਼ਰਤ ਪੀੜ੍ਹੀ ਦਰ ਪੀੜ੍ਹੀ ਲੋਕਾਂ ਦੀ ਮਾਨਸਿਕਤਾ 'ਤੇ ਅਸਰ ਪਾਉਂਦੀ ਹੈ। ਉਹ ਹਰ ਗੱਲ ਨੂੰ ਪੱਖਵਾਦੀ ਨਜ਼ਰੀਏ ਨਾਲ ਵੇਖਦੇ ਹਨ। ਖੇਡਾਂ ਦਾ ਖੇਤਰ ਜੋ ਆਪਣੀ ਨਿਰਪੱਖਤਾ ਵਾਲੀ ਨੈਤਿਕਤਾ ਕਰਕੇ ਸਤਕਾਰਿਆ ਜਾਂਦਾ ਸੀ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਮੈਚ ਫਿਕਸਿੰਗ ਦੀ ਸੱਟੇਬਾਜ਼ੀ ਗ਼ਲਤ ਤੇ ਬਿਲਕੁਲ ਗਲਤ ਹੈ। ਇਥੇ ਵੀ ਮੁਕਾਬਲਾ ਕੀਤਾ ਜਾਂਦਾ ਹੈ ਕਿ ਹਿੰਦੋਸਤਾਨ ਦੇ ਖਿਡਾਰੀ ਬਹੁਤ ਸੱਟਾਬਾਜ਼ ਹਨ ਜਾਂ ਪਾਕਿਸਤਾਨ ਦੇ? ਪਾਕਿਸਤਾਨ ਤੋਂ ਔਰਤਾਂ ਦਾ ਵਫ਼ਦ ਆਇਆ ਹੈ। ਇਸ ਵਿਚ ਮਾਵਾਂ ਸ਼ਾਮਲ ਹਨ, ਭੈਣਾਂ ਸ਼ਾਮਲ ਹਨ, ਬੀਵੀਆਂ ਸ਼ਾਮਿਲ ਹਨ। ਉਹਨਾਂ ਨੂੰ 'ਖੁਸ਼ਆਮਦੀਦ' ਕਹਿਣ ਲਈ ਸਾਡੀਆਂ ਮਾਵਾਂ, ਭੈਣਾਂ, ਬੀਵੀਆਂ ਨੇ ਉਹਨਾਂ ਨੂੰ ਆਪਣੇ ਕਲਾਵੇ ਵਿਚ ਲਿਆ ਹੈ, ਗਿੱਧੇ ਪਾਏ ਹਨ। ਨਾਚ ਨੱਚੇ ਹਨ। ਖੁਸ਼ੀਆਂ ਦਾ ਅਥਾਹ ਪ੍ਰਗਟਾਵਾ ਕੀਤਾ ਹੈ। ਇਸ ਸਦਭਾਵਨਾ ਦਰਮਿਆਨ ਆਵਾਜ਼ ਉੱਠਣੀ ਬਣਦੀ ਹੈ।

ਅਸੀਂ ਅਮਨ ਚਾਹੁੰਦੇ ਹਾਂ<br>
ਅਸੀਂ ਵਾਦ-ਵਿਵਾਦ ਵਾਲੇ ਹਰ ਮਸਲੇ ਦਾ<br>
ਗੱਲਬਾਤ ਨਾਲ ਹੱਲ ਚਾਹੁੰਦੇ ਹਾਂ<br>
ਕਸ਼ਮੀਰ ਨਾ ਹਿੰਦੋਸਤਾਨ ਦਾ ਹੈ<br>
ਕਸ਼ਮੀਰ ਨਾ ਪਾਕਿਸਤਾਨ ਦਾ ਹੈ<br>
ਕਸ਼ਮੀਰ ਕਸ਼ਮੀਰੀਆਂ ਦਾ ਹੈ<br>
ਕਸ਼ਮੀਰੀ ਮੁਸਲਮਾਨਾਂ ਦਾ ਹੈ<br>
ਕਸ਼ਮੀਰੀ ਹਿੰਦੂਆਂ ਦਾ ਹੈ<br>
ਕਸ਼ਮੀਰੀ ਸਿੱਖਾਂ ਦਾ ਹੈ

ਅਸੀਂ ਸਾਰੇ ਸੋਚਣ ਵਾਲੇ ਬੁੱਧੀਜੀਵਾਂ, ਦਾਨਸ਼ਮੰਦਾਂ, ਲੇਖਕਾਂ, ਕਲਾਕਾਰਾਂ ਨੂੰ ਸੱਦਾ ਦੇਂਦੇ ਹਾਂ ਕਿ ਉਹ ਇਕ ਸਦਭਾਵਨਾ ਵਾਲਾ ਮਾਹੌਲ ਬਣਾਉਣ ਵਿਚ ਆਪਣੇ ਯਤਨ ਜੁਟਾਉਣ।

ਅਸੀਂ ਅਮਨ ਚਾਹੁੰਦੇ ਹਾਂ